**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ ਨਗਰ।**
**(ਕੋਆਰਡੀਨੇਸ਼ਨ ਸੈਲ)**

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।

ਮੀਮੋ ਨੰ: 15/21-2015 ਕੋ ਸੈਲ (1)/52
ਮਿਤੀ: 20-01-2017

ਵਿਸ਼ਾ: **ਵਿਧਾਨ ਸਭਾ ਚੋਣਾ 2017- ਟਰਾਂਸਪੋਰਟ ਦਾ ਪ੍ਰਬੰਧ ਕਰਨ ਸਬੰਧੀ।**

ਹਵਾਲਾ: ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-6 ਸ਼ਾਖਾ) ਦਾ ਪੱਤਰ ਨੰ: 11/33/17-5ਸਿ6/912670/1-5 ਮਿਤੀ: 19-01-2017 ਸਮੇਤ ਮੁੱਖ ਚੋਣ ਅਫਸਰ, ਪੰਜਾਬ ਦਾ ਪੱਤਰ ਨੰ: ਚੋਣ-3/3/9/2002/ਐਮ-770 ਮਿਤੀ: 15-01-2017.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ, ਸਮੇਤ ਸਹਿ ਪੱਤਰ, ਦੀ ਕਾਪੀ ਆਪ ਜੀ ਨੂੰ ਸੂਚਨਾ ਅਤੇ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

ਸੁਪਰਡੈਂਟ ਕੋਆਰਡੀਨੇਸਨ ਸੈਲ

ਪਿੱ: ਅੰ: ਨੰ: ਉਕਤ ਮਿਤੀ: 20-01-2017

ਉਤਾਰਾ ਦਫਤਰ ਡੀ.ਪੀ.ਆਈ (ਸੈਸਿ), ਪੰਜਾਬ ਵਿਖੇ ਸਮੂਹ ਅਧਿਕਾਰੀਆਂ ਨੂੰ ਸੂਚਨਾ ਅਤੇ ਇੰਨ ਬਿੰਨ ਪਾਲਣਾ ਭੇਜਿਆ ਜਾਂਦਾ ਹੈ।

ਸੁਪਰਡੈਂਟ ਕੋਆਰਡੀਨੇਸਨ ਸੈਲ

ਚੋਣਾਂ ਸਬੰਧੀ

ਅਤਿ ਜਰੂਰੀ

**ਪੰਜਾਬ ਸਰਕਾਰ**

**ਸਿੱਖਿਆ ਵਿਭਾਗ**

**(ਸਿੱਖਿਆ-6 ਸ਼ਾਖਾ)**

ਸੇਵਾ ਵਿਖੇ

1. ਡਾਇਰੈਕਟਰ ਜਨਰਲ, ਸਕੂਲ ਸਿਖਿਆ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ ।
3. ਡਾਇਰੈਕਟਰ ਸਿੱਖਿਆ ਵਿਭਾਗ (ਐਲੀ.), ਪੰਜਾਬ, ਮੋਹਾਲੀ।
4. ਸਕੱਤਰ, ਪੰਜਾਬ ਸਕੂਲ ਸਿਖਿਆ ਬੋਰਡ, ਮੋਹਾਲੀ।
5. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ, ਮੋਹਾਲੀ।

ਮੀਮੋ ਨੰ: 11/33/17-5ਸਿ6 / 912670/1-5

ਮਿਤੀ: ਚੰਡੀਗੜ੍ਹ: 19-01-17

ਵਿਸ਼ਾ- **ਵਿਧਾਨ ਸਭਾ ਚੋਣਾਂ 2017 - ਟਰਾਂਸਪੋਰਟ ਦਾ ਪ੍ਰਬੰਧ ਕਰਨ ਸਬੰਧੀ।**

******

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ੇ ਅੰਕਿਤ ਦੇ ਸਬੰਧ ਵਿੱਚ ਵਧੀਕ ਮੁੱਖ ਚੋਣ ਅਫਸਰ, ਪੰਜਾਬ ਵਲੋਂ ਪ੍ਰਾਪਤ ਪੱਤਰ ਨੰ: ਚੋਣ-3/3/9/2002/ਐਸ-770, ਮਿਤੀ 15-1-2017 ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵਿਧਾਨ ਸਭਾ ਚੋਣਾਂ 2017 ਸਬੰਧੀ ਟਰਾਂਸਪੋਰਟ ਦਾ ਪ੍ਰਬੰਧ ਕਰਨ ਲਈ ਚੋਣਾਂ ਦੌਰਾਨ ਆਪ ਦੇ ਅਧੀਨ ਗੱਡੀਆਂ ਦੀ ਵਰਤੋਂ ਕਰਨ ਲਈ ਇਨਾਂ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

3. ਇਸ ਨੂੰ ਪਹਿਲ ਦਿੱਤੀ ਜਾਵੇ।

ਸੁਪਰਡੰਟ

ਪੰ: ਵਿ./251-252 (ਤਾਰ...) 251

ਦਫਤਰ ਮੁੱਖ ਚੋਣ ਅਫਸਰ, ਪੰਜਾਬ

**OFFICE OF THE**
**CHIEF ELECTORAL OFFICER, PUNJAB**
(SCO. No. 29-30, Sector-17E, Chandigarh)
Phone: 0172- 2704701, 2724037,2704779. Fax-0172-2707970 Email:-ceopunjab@eci.gov.in. jtceo punjab @eci.gov. in

**ਵਿਧਾਨ ਸਭਾ ਚੋਣਾਂ, 2017**

ਨੰ. ਚੋਣ-3/3/9/2002/ਐਮ-770 ਮਿਤੀ ਚੰਡੀਗੜ੍ਹ, 15 ਜਨਵਰੀ, 2017

ਸੇਵਾ ਵਿਖੇ,

1. ਪੰਜਾਬ ਰਾਜ ਦੇ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।
2. ਸਮੂਹ ਮੰਡਲਾਂ ਦੇ ਕਮਿਸ਼ਨਰ।
3. ਸਮੂਹ ਵਿਭਾਗਾਂ ਦੇ ਮੁੱਖੀ।
4. ਸਮੂਹ ਕਾਰਪੋਰੇਸ਼ਨਾਂ/ਬੋਰਡਾਂ/ਅਥਾਰਟੀਆਂ ਦੇ ਚੇਅਰਮੈਨ/
ਮੈਨੇਜਿੰਗ ਡਾਇਰੈਕਟਰ/ਮੁੱਖ ਕਾਰਜਕਾਰੀ ਅਫਸਰ।

ACSSE 18/1/17

E 526 18/1/17

E 521 18-1-17

USSE 23 18.1.17

**ਵਿਸ਼ਾ:- ਵਿਧਾਨ ਸਭਾ ਚੋਣਾਂ 2017-ਟਰਾਂਸਪੋਰਟ ਦਾ ਪ੍ਰਬੰਧ ਕਰਨ ਸਬੰਧੀ।**

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਂ ਆਪ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਵਿਸ਼ੇ ਪੁਰ ਦਰਜ ਚੋਣਾਂ ਦਾ ਐਲਾਨ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵਲੋਂ ਕਰ ਦਿੱਤਾ ਗਿਆ ਹੈ। ਇਹ ਚੋਣਾਂ ਮਿਤੀ **04.02.2017** ਨੂੰ ਕਰਵਾਈਆਂ ਜਾਣੀਆਂ ਹਨ। ਪੋਲਿੰਗ ਪਾਰਟੀਆਂ ਅਤੇ ਚੋਣ ਸਮੱਗਰੀ (ਬੈਲਟ ਪੇਪਰ, ਵੋਟਿੰਗ ਮਸ਼ੀਨਾਂ, ਵੀਵੀਪੀਏਟੀ, ਪੋਲਿੰਗ ਥੈਲੇ) ਆਦਿ ਪੋਲਿੰਗ ਸਟੇਸ਼ਨਾਂ ਤੇ ਪਹੁੰਚਾਉਣ ਲਈ ਪਹਿਲਾਂ ਵਾਂਗ ਗਡੀਆਂ ਸਮੂਹ ਜ਼ਿਲਾ ਚੋਣ ਅਫਸਰਾਂ (ਡਿਪਟੀ ਕਮਿਸ਼ਨਰਾਂ) ਨੂੰ ਚਾਹੀਦੀਆਂ ਹੋਣਗੀਆਂ। ਇਸ ਤੋਂ ਉਪਰੰਤ ਕੁਝ ਗੱਡੀਆਂ ਜ਼ਰੂਰੀ ਲੋੜਾਂ ਨੂੰ ਪੂਰਾ ਕਰਨ ਲਈ ਵੀ ਸਮੂਹ ਜ਼ਿਲਾ ਚੋਣ ਅਫਸਰ ਰਾਖਵੀਆਂ ਰੱਖਣ ਲਈ ਮੰਗਣਗੇ। ਪ੍ਰਸ਼ਾਸਕੀ ਪ੍ਰਬੰਧ ਕਰਨ ਲਈ ਵੀ ਗੱਡੀਆਂ ਦੀ ਲੋੜ ਹੋਵੇਗੀ। ਇਨ੍ਹਾਂ ਲੋੜਾਂ ਨੂੰ ਪੂਰਾ ਕਰਨ ਲਈ ਇਹ ਜ਼ਰੂਰੀ ਹੈ ਕਿ ਪੰਜਾਬ ਰਾਜ ਦੀਆਂ ਉਹ ਜੀਪਾਂ ਅਤੇ ਗੱਡੀਆਂ ਜਿਹੜੀਆਂ ਆਪ ਦੇ ਅਧੀਨ ਅਧਿਕਾਰੀਆਂ ਨੂੰ ਮਿਲੀਆਂ ਹੋਈਆਂ ਹਨ, ਚੋਣਾਂ ਦੇ ਕੰਮ ਲਈ ਵਰਤੀਆਂ ਜਾਣ। ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਆਪਣੇ ਅਧੀਨ ਸਬੰਧਤ ਅਫਸਰਾਂ ਨੂੰ ਹਦਾਇਤ ਕਰ ਦੇਵੋ ਕਿ ਉਹ ਅਜਿਹੀਆਂ ਜੀਪਾਂ ਅਤੇ ਗੱਡੀਆਂ 5 ਦਿਨਾਂ ਲਈ ਡਿਪਟੀ ਕਮਿਸ਼ਨਰਾਂ (ਜ਼ਿਲਾ ਚੋਣ ਅਫਸਰਾਂ) ਦੇ ਮੰਗਣ ਤੇ ਉਨ੍ਹਾਂ ਦੇ ਹਵਾਲੇ ਕਰ ਦੇਣ।

2. ਇਹ ਵੀ ਬੇਨਤੀ ਹੈ ਕਿ ਆਪ ਸਬੰਧਤ ਅਫਸਰਾਂ ਨੂੰ ਇਹ ਹਦਾਇਤ ਵੀ ਕਰ ਦੇਵੋ ਕਿ ਉਹ ਗਡੀਆਂ ਨੂੰ ਸਬੰਧਤ ਜ਼ਿਲ੍ਹਾ ਚੋਣ ਅਫਸਰਾਂ ਨੂੰ ਦੇਣ ਤੋਂ ਪਹਿਲਾਂ ਮੁਰੰਮਤ ਕਰਵਾ ਲੈਣ ਅਤੇ ਠੀਕ ਹਾਲਤ ਵਿਚ ਕਰ

ਦੇਣ। ਕਿਉਂਜੋ ਇਸ ਵਿਭਾਗ ਨੇ ਉਨ੍ਹਾਂ ਦੇ ਪੈਟਰੋਲ (ਤੇਲ ਆਦਿ) ਦਾ ਹੀ ਖਰਚਾ ਬਰਦਾਸ਼ਤ ਕਰਨਾ ਹੈ। ਇਹ ਗੱਲ ਵੀ ਸਪੱਸ਼ਟ ਕੀਤੀ ਜਾਂਦੀ ਹੈ ਕਿ ਗੱਡੀਆਂ ਦੀ ਮੁਰੰਮਤ ਤੇ ਇਸ ਵਿਭਾਗ ਵਲੋਂ ਕੋਈ ਖਰਚ ਨਹੀਂ ਕੀਤਾ ਜਾਵੇਗਾ ਪਰ ਛੋਟੀਆਂ ਮੋਟੀਆਂ ਜ਼ਰੂਰੀ ਮੁਰੰਮਤਾਂ ਜਿਹੜੀਆਂ ਚੋਣਾਂ ਦੇ ਸਮੇਂ ਕਰਾਉਣ ਦੀ ਲੋੜ ਪਵੇਗੀ, ਲੋੜ ਅਨੁਸਾਰ ਕਰਵਾ ਲਈਆਂ ਜਾਣਗੀਆਂ।

3. ਇਸ ਬਾਰੇ ਵਿਚ ਕੀਤੀ ਕਾਰਵਾਈ ਤੋਂ ਇਸ ਵਿਭਾਗ ਨੂੰ ਸੂਚਿਤ ਕਰ ਦਿਤਾ ਜਾਵੇ।

ਵਿਸ਼ਵਾਸ ਪਾਤਰ,

( ਮਨਜੀਤ ਸਿੰਘ ਨਾਰੰਗ )
ਵਧੀਕ ਮੁੱਖ ਚੋਣ ਅਫਸਰ

ਪਿੱਠ ਅੰਕਣ ਨੰ: ਚੋਣ-3/3/9/2002/ਐਮ- 771 ਮਿਤੀ ਚੰਡੀਗੜ੍ਹ, 15 ਜਨਵਰੀ, 2017

ਉਤਾਰਾ:- **ਸਮੂਹ ਜ਼ਿਲਾ ਚੋਣ ਅਫਸਰਾਂ ਅਤੇ ਸਮੂਹ ਚੋਣ ਤਹਿਸੀਲਦਾਰਾਂ** ਦੀ ਜਾਣਕਾਰੀ ਅਤੇ ਅਗਵਾਈ ਲਈ ਭੇਜਿਆ ਜਾਂਦਾ ਹੈ।

1. ਗੱਡੀਆਂ ਲੋੜ ਅਨੁਸਾਰ ਥੋੜੇ ਤੋਂ ਥੋੜੇ ਸਮੇਂ ਲਈ ਵਰਤੀਆਂ ਜਾਣ ਅਤੇ ਗੱਡੀਆਂ ਦੀ ਗਿਣਤੀ, ਜਿਸ ਕੰਮ ਲਈ ਲਈਆਂ ਗਈਆਂ, ਜਿਸ ਸਮੇਂ ਲਈ ਲਈਆਂ ਗਈਆਂ ਆਦਿ ਦਾ ਵੇਰਵਾ ਇਸ ਦਫਤਰ ਨੂੰ ਭਿਜਵਾ ਦਿੱਤਾ ਜਾਵੇ।
2. ਜ਼ਰੂਰੀ ਲੋਕ ਸੇਵਾਵਾਂ (ਇਸੈਂਸ਼ੀਅਲ ਸਰਵੀਸਿਜ਼) ਲਈ ਵਰਤੀਆਂ ਜਾਣ ਵਾਲੀਆਂ ਗੱਡੀਆਂ ਦੀ ਵਰਤੋਂ ਨਾ ਕੀਤੀ ਜਾਵੇ।
3. (i) ਸਰਕਾਰੀ ਗੱਡੀਆਂ ਵੱਧ ਤੋਂ ਵੱਧ ਵਰਤੀਆਂ ਜਾਣ।
   (ii) ਜੇਕਰ ਸਰਕਾਰੀ ਗੱਡੀਆਂ ਨਾਲ ਕੰਮ ਨਾ ਸਰੇ ਤਾਂ ਪ੍ਰਾਈਵੇਟ ਗੱਡੀਆਂ ਵਰਤੀਆਂ ਜਾਣ। ਕੋਈ ਪ੍ਰਾਈਵੇਟ ਗੱਡੀ ਜਾਂ ਕੋਈ ਅਜਿਹੀ ਗੱਡੀ, ਜਿਸ ਦਾ ਮੁਆਵਜ਼ਾ ਦੇਣਾ ਪਵੇ, ਰਿਜ਼ਰਵ ਨਾ ਰੱਖੀ ਜਾਵੇ; ਭਾਵ ਇਹ ਹੈ ਕਿ ਜੇਕਰ ਗੱਡੀਆਂ ਰਿਜ਼ਰਵ ਜਾਨੀ ਖਾਲੀ ਰੱਖਣ ਦੀ ਲੋੜ ਹੋਵੇ ਤਾਂ ਕੇਵਲ ਸਰਕਾਰੀ ਗੱਡੀਆਂ ਹੀ ਖਾਲੀ ਰੱਖੀਆਂ ਜਾਣ; ਅਤੇ
4. ਪੈਟਰੋਲ, ਡੀਜ਼ਲ, ਟਾਇਰ, ਟਿਊਬ ਆਦਿ ਸਬੰਧੀ ਸਟਾਕ ਬਾਰੇ ਸਬੰਧਤ ਫਰਮਾਂ ਨੂੰ ਅਗੇਤਰਾ ਪ੍ਰਬੰਧ ਕਰਨ ਲਈ ਸਮੇਂ ਸਿਰ ਸੂਚਿਤ ਕਰ ਦਿੱਤਾ ਜਾਵੇ ਤਾਂ ਜੋ ਮੌਕੇ ਤੇ ਕੋਈ ਔਕੜ ਪੇਸ਼ ਨਾ ਆਵੇ। ਗੱਡੀਆਂ ਦੀ ਮੁਰੰਮਤ ਬਾਰੇ ਵੀ ਅਗੇਤਰਾ ਪ੍ਰਬੰਧ ਕਰ ਲਿਆ ਜਾਵੇ।

2) ਇਸ ਦੀ ਪਹੁੰਚ ਰਸੀਦ ਭੇਜ ਦਿੱਤੀ ਜਾਵੇ।

( ਮਨਜੀਤ ਸਿੰਘ ਨਾਰੰਗ )
ਵਧੀਕ ਮੁੱਖ ਚੋਣ ਅਫਸਰ

C:\Users\as\Desktop\Documents\TS\Vidhan Sabha Elec.-2017 (M)\Controller Punjab\Letter Transport.doc